# ਨਗਰ ਕੌਂਸਲ ਹਾਊਸ ਦੀ ਮੀਟਿੰਗ ਦੌਰਾਨ ਕਾਂਗਰਸੀ ਤੇ 'ਆਪ' ਕੌਂਸਲਰ ਹੋਏ ਆਹਮੋ ਸਾਹਮਣੇ

## ਢੋਲ ਦੇ ਡਗੇ 'ਤੇ ਲੱਗੇ ਜ਼ਿੰਦਾਬਾਦ ਅਤੇ ਮੁਰਦਾਬਾਦ ਦੇ ਨਾਅਰੇ

ਨਗਰ ਕੌਂਸਲ ਸਰਹਿੰਦ-ਫ਼ਤਹਿਗੜ੍ਹ ਸਾਹਿਬ ਹਾਊਸ ਦੀ ਮੀਟਿੰਗ ਦੌਰਾਨ ਵਿਧਾਇਕ ਕੁਲਜੀਤ ਸਿੰਘ ਨਾਗਰਾ ਸੰਬੋਧਨ ਕਰਦੇ ਹੋਏ ਅਤੇ ਕਾਂਗਰਸ ਅਤੇ 'ਆਪ' ਪਾਰਟੀ ਦੇ ਕੌਂਸਲਰ ਇਕ ਦੂਜੇ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ। ਤਸਵੀਰਾਂ: ਕਰਨ

ਫ਼ਤਹਿਗੜ੍ਹ ਸਾਹਿਬ, 3 ਜਨਵਰੀ (ਬਲਜਿੰਦਰ ਸਿੰਘ) - ਨਗਰ ਕੌਂਸਲ ਸਰਹਿੰਦ-ਫ਼ਤਹਿਗੜ੍ਹ ਸਾਹਿਬ ਵਿਖੇ ਰੱਖੀ ਹਾਊਸ ਦੀ ਮੀਟਿੰਗ ਕਾਂਗਰਸੀਆਂ ਅਤੇ ਆਮ ਆਦਮੀ ਪਾਰਟੀ ਦੇ ਕੌਂਸਲਰਾਂ 'ਚ ਗਹਿਮਾ ਗਹਿਮੀ ਦਾ ਮਾਹੌਲ ਪੈਦਾ ਹੋ ਗਿਆ ਜਿਸ ਨੂੰ ਪੁਲਿਸ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਸ਼ਾਂਤ ਕਰਵਾਇਆ ਗਿਆ। ਨਗਰ ਕੌਂਸਲ ਵਿਚ ਅੱਜ ਹਾਊਸ ਦੀ ਮੀਟਿੰਗ ਦੇ ਨਾਲ ਨਾਲ ਵਿਧਾਇਕ ਕੁਲਜੀਤ ਸਿੰਘ ਨਾਗਰਾ ਦੀ ਅਗਵਾਈ ਵਿਚ ਇਕ ਸਮਾਗਮ ਉਲੀਕਿਆ ਗਿਆ ਜਿਸ ਵਿਚ ਆਜ਼ਾਦੀ ਤੋਂ ਬਾਅਦ ਆ ਕੇ ਸ਼ਹਿਰ 'ਚ ਵਸੇ 125 ਲੋਕਾਂ ਨੂੰ ਜੋ ਲੰਮੇ ਸਮੇਂ ਤੋਂ ਕੌਂਸਲ ਦੀ ਜਗ੍ਹਾ ਵਿਚ ਕਿਰਾਏ ਦੀਆਂ ਦੁਕਾਨਾਂ ਚਲਾ ਰਹੇ ਸਨ, ਨੂੰ ਨਵੇਂ ਸਾਲ ਦੇ ਤੋਹਫ਼ੇ ਵਜੋਂ ਤੈਅ ਕੀਮਤ 'ਤੇ ਦੁਕਾਨ ਅਤੇ ਘਰ ਦੇ ਮਾਲਕਾਨਾ ਹੱਕ ਦਿੱਤੇ ਗਏ, ਜਿਸ ਦੌਰਾਨ ਕਾਂਗਰਸੀ ਕੌਂਸਲਰ ਅਤੇ ਵਿਧਾਇਕ ਢੋਲ ਵਜਾ ਕੇ ਖ਼ੁਸ਼ੀ ਦਾ ਇਜ਼ਹਾਰ ਕਰ ਰਹੇ ਸਨ ਅਤੇ ਪੰਜਾਬ ਸਰਕਾਰ ਜ਼ਿੰਦਾਬਾਦ ਦੇ ਨਾਅਰੇ ਲਗਾ ਰਹੇ ਸਨ ਤਾਂ ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ ਉੱਥੇ ਹਾਊਸ ਵਿਚ ਮਤੇ ਪਾਉਣ ਵਿਚ ਨਾਸਹਿਮਤ ਹੁੰਦਿਆਂ ਪੰਜਾਬ ਸਰਕਾਰ ਅਤੇ ਵਿਧਾਇਕ ਮੁਰਦਾਬਾਦ ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ ਜਿਥੇ ਕਾਂਗਰਸੀਆਂ ਵਲੋਂ ਢੋਲ ਦੇ ਡਗੇ 'ਤੇ ਕਬਜ਼ਾਕਾਰਾਂ ਨੂੰ ਅਧਿਕਾਰ ਦਿੱਤੇ ਗਏ ਉਥੇ ਹੀ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਅਤੇ ਵਰਕਰਾਂ ਵਲੋਂ ਮੁਰਦਾਬਾਦ ਦੇ ਨਾਅਰੇ ਲਗਾਏ ਗਏ। ਇਸ ਮੌਕੇ 'ਆਪ' ਕੌਂਸਲਰ ਆਸ਼ਾ ਰਾਣੀ, ਕੌਂਸਲਰ ਦਵਿੰਦਰ ਕੌਰ, ਹਰਵਿੰਦਰ ਕੌਰ ਕੌਂਸਲਰ, ਸਮਾਜ ਸੇਵਕ ਰਮੇਸ਼ ਕੁਮਾਰ ਸੋਨੂੰ, ਬਲਬੀਰ ਸਿੰਘ ਸੋਢੀ, ਪ੍ਰਿਤਪਾਲ ਸਿੰਘ ਜੱਸੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕੇ ਨਗਰ ਕੌਂਸਲ ਸਰਹਿੰਦ ਵਲੋਂ ਉਨ੍ਹਾਂ ਦੇ ਨਾਲ ਪੱਖਪਾਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵਲੋਂ ਕਬਜ਼ਾਕਾਰਾਂ ਕੋਲੋਂ ਫ਼ੀਸਾਂ ਵਸੂਲ ਕੇ ਉਨ੍ਹਾਂ ਨੂੰ ਉਸ ਜਗ੍ਹਾ ਦੇ ਅਧਿਕਾਰ ਦਿੱਤੇ ਗਏ ਹਨ, ਅਜਿਹੇ ਵਿਚ ਕਾਂਗਰਸੀ ਕੌਂਸਲਰਾਂ ਵਲੋਂ ਆਪਣੇ ਚਹੇਤਿਆਂ ਨੂੰ ਖ਼ੁਸ਼ ਕੀਤਾ ਗਿਆ ਹੈ, ਜਦਕਿ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਅਧਿਕਾਰ ਸਾਰਿਆਂ ਨੂੰ ਬਰਾਬਰ ਮਿਲਣਾ ਚਾਹੀਦਾ ਹੈ। ਨਗਰ ਕੌਂਸਲ ਸਰਹਿੰਦ ਦੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਲਾਲੀ ਨੇ ਕਿਹਾ ਕਿ ਇਹ ਲੋਕ ਕਾਂਗਰਸ ਵਲੋਂ ਕਰਵਾਏ ਜਾ ਰਹੇ ਵਿਕਾਸ ਨੂੰ ਜਰ ਨਹੀਂ ਰਹੇ ਇਸ ਲਈ ਜਾਣ ਬੁੱਝ ਕੇ ਨਾਅਰੇਬਾਜ਼ੀ ਕਰਕੇ ਸੋਸ਼ਲ ਮੀਡੀਆ 'ਤੇ ਪਾ ਕੇ ਵਾਹ ਵਾਹੀ ਖੱਟਣਾ ਚਾਹੁੰਦੇ ਹਨ। ਇਸ ਮੌਕੇ ਵਿਸ਼ੇਸ਼ ਤੌਰ ਤੇ ਨਗਰ ਕੌਂਸਲ 'ਚ ਪਹੁੰਚੇ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਵਿਰੋਧ ਕਰ ਰਹੇ ਕੌਂਸਲਰਾਂ ਬਾਰੇ ਦੱਸਿਆ ਕਿ ਅਜਿਹਾ ਕਰਕੇ 'ਆਪ' ਕੌਂਸਲਰਾਂ ਵਲੋਂ ਕੰਮ ਦੇ ਵਿਚ ਵਿਘਨ ਪਾਇਆ ਜਾ ਰਹੀ ਹੈ, ਜਦਕਿ ਉਨ੍ਹਾਂ ਵਲੋਂ ਸ਼ਹਿਰ ਦਾ ਪੂਰਨ ਵਿਕਾਸ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਲੋਕ ਸੋਸ਼ਲ ਮੀਡੀਆ 'ਤੇ ਐਕਟਿਵ ਰਹਿਣ ਲਈ ਇਹ ਸਭ ਕੁਝ ਕਰ ਰਹੇ ਹਨ, ਪਰ ਸ਼ਹਿਰ ਦੇ ਲੋਕ ਵਿਕਾਸ ਆਪਣੇ ਅੱਖੀਂ ਦੇਖ ਰਹੇ ਹਨ।

ਸਰਹਿੰਦ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਐਡ. ਲਖਵੀਰ ਸਿੰਘ ਰਾਏ, ਗੌਰਵ ਅਰੋੜਾ ਅਤੇ ਹੋਰ। ਅਜੀਤ ਤਸਵੀਰ

## ਕਾਂਗਰਸੀਆਂ ਵਲੋਂ 'ਆਪ' ਦੇ ਪੱਖਪਾਤ ਵਾਲੇ ਵਿਰੋਧ ਨੂੰ ਗ਼ਲਤ ਤਰੀਕੇ ਨਾਲ ਕੀਤਾ ਜਾ ਰਿਹੈ ਪੇਸ਼- ਐਡ. ਰਾਏ

ਫ਼ਤਹਿਗੜ੍ਹ ਸਾਹਿਬ, 3 ਜਨਵਰੀ (ਮਨਪ੍ਰੀਤ ਸਿੰਘ) - ਆਮ ਆਦਮੀ ਪਾਰਟੀ ਦੇ ਫ਼ਤਹਿਗੜ੍ਹ ਸਾਹਿਬ ਤੋਂ ਉਮੀਦਵਾਰ ਐਡਵੋਕੇਟ ਲਖਵੀਰ ਸਿੰਘ ਰਾਏ ਅਤੇ ਜ਼ਿਲ੍ਹਾ ਸਕੱਤਰ ਗੌਰਵ ਅਰੋੜਾ ਵਲੋਂ ਪ੍ਰੈੱਸ ਕਾਨਫ਼ਰੰਸ ਕੀਤੀ ਗਈ, ਜਿਸ ਦੌਰਾਨ ਉਨ੍ਹਾਂ ਮੌਜੂਦਾ ਕਾਂਗਰਸੀ ਵਿਧਾਇਕ ਤੇ ਸੌੜੀ ਰਾਜਨੀਤੀ ਤਹਿਤ ਪ੍ਰਚਾਰ ਕਰਨ ਦੇ ਦੋਸ਼ ਲਗਾਏ। ਇਸ ਮੌਕੇ ਐਡਵੋਕੇਟ ਲਖਵੀਰ ਸਿੰਘ ਰਾਏ ਅਤੇ ਜ਼ਿਲ੍ਹਾ ਸਕੱਤਰ ਗੌਰਵ ਅਰੋੜਾ ਨੇ ਦੱਸਿਆ ਕਿ ਅੱਜ ਨਗਰ ਕੌਂਸਲ ਸਰਹਿੰਦ ਦੀ ਮੀਟਿੰਗ 'ਚ ਆਮ ਆਦਮੀ ਪਾਰਟੀ ਦੇ ਕੌਂਸਲਰ ਆਪਣੀਆਂ ਮੰਗਾਂ ਲੈ ਕੇ ਗਏ ਸਨ, ਪ੍ਰੰਤੂ ਕਾਂਗਰਸੀ ਕੌਂਸਲਰਾਂ ਅਤੇ ਵਿਧਾਇਕ ਵਲੋਂ ਉਨ੍ਹਾਂ ਦੇ ਵਿਰੋਧ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਕੌਂਸਲਰਾਂ ਦੀ ਸਮੱਸਿਆ ਹੈ ਕਿ ਨਗਰ ਕੌਂਸਲ ਸਰਹਿੰਦ ਵਲੋਂ ਉਨ੍ਹਾਂ ਦੇ ਕੌਂਸਲਰਾਂ ਦੇ ਵਾਰਡਾਂ ਨੂੰ ਸਫ਼ਾਈ ਪੱਖੋਂ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ, ਜਿਸ ਲਈ ਉਹ ਪਹਿਲਾਂ ਵੀ ਕਈ ਵਾਰ ਵਿਰੋਧ ਜਤਾ ਚੁੱਕੇ ਹਨ। ਇਸ ਮੌਕੇ ਬਲਾਕ ਇੰਚਾਰਜ ਬਲਦੇਵ ਜਲਾਲ, ਅਡੀਸ਼ਨਲ ਬਲਾਕ ਪ੍ਰੈਜ਼ੀਡੈਂਟ ਰਮੇਸ਼ ਕੁਮਾਰ ਸੋਨੂੰ, ਨਵਦੀਪ ਨੋਨੀ, ਬਲਵੀਰ ਸੋਢੀ, ਹਰਮਿੰਦਰ ਸਿੰਘ ਕੰਗ ਤੋਂ ਇਲਾਵਾ 'ਆਪ' ਵਰਕਰ ਵੀ ਹਾਜ਼ਰ ਸਨ। ਇਸ ਸਬੰਧੀ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਅੱਜ ਹਾਊਸ ਦੀ ਮੀਟਿੰਗ 'ਚ ਜਿਹੜੇ ਬੰਦੇ ਆਜ਼ਾਦੀ ਦੇ ਸਮੇਂ ਤੋਂ ਨਗਰ ਕੌਂਸਲ ਦੀ ਥਾਂ 'ਤੇ ਰਹਿ ਰਹੇ ਸਨ, ਪ੍ਰੰਤੂ ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਸਨ ਅੱਜ ਉਨ੍ਹਾਂ ਨੂੰ ਜ਼ਮੀਨ ਦੇ ਅਧਿਕਾਰ ਦਿੱਤੇ ਗਏ ਹਨ, ਜਿਸ ਨੂੰ ਕਾਂਗਰਸੀਆਂ ਵਲੋਂ ਇਕਮੱਤ ਹੋ ਕੇ ਪਾਸ ਕੀਤਾ ਗਿਆ, ਪ੍ਰੰਤੂ 'ਆਪ' ਦੇ ਕੁਝ ਵਿਅਕਤੀਆਂ ਵਲੋਂ ਇਸ ਦਾ ਵਿਰੋਧ ਕੀਤਾ ਗਿਆ ਹੈ।

ਐਫ.ਸੀ.ਆਈ. ਚਨਾਰਥਲ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਸਮੂਹ ਸ਼ੈਲਰ ਮਾਲਕ। ਤਸਵੀਰ: ਨਿਰਭੈ ਸਿੰਘ

## ਸ਼ੈਲਰ ਮਾਲਕਾਂ ਨੇ ਐਫ.ਸੀ.ਆਈ. ਅਤੇ ਪੰਜਾਬ ਸਰਕਾਰ ਖ਼ਿਲਾਫ਼ ਕੀਤੀ ਨਾਅਰੇਬਾਜ਼ੀ

ਜਖ਼ਵਾਲੀ, 3 ਜਨਵਰੀ (ਨਿਰਭੈ ਸਿੰਘ) - ਸ਼ੈਲਰ ਐਸੋਸੀਏਸ਼ਨ ਚਨਾਰਥਲ ਮੰਡੀ ਵਿਖੇ ਸਥਿਤ ਭਾਰਤੀ ਖਾਦ ਨਿਗਮ ਦੇ ਦਫ਼ਤਰ ਮੋਹਰੇ ਪੰਜਾਬ ਸਰਕਾਰ ਅਤੇ ਖਾਦ ਨਿਗਮ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਸਬੰਧੀ ਸ਼ੈਲਰ ਮਾਲਕਾਂ ਨੇ ਦੱਸਿਆ ਕਿ ਉਨ੍ਹਾਂ ਉੱਪਰ ਪੰਜਾਬ ਸਰਕਾਰ ਵਲੋਂ ਵੱਧ ਤੋਂ ਵੱਧ ਮਾਲ ਲਗਾਉਣ ਲਈ ਬਹੁਤ ਜੋਰ ਦਿੱਤਾ ਜਾ ਰਿਹਾ ਹੈ, ਪਰ ਪੰਜਾਬ ਸਰਕਾਰ ਵਲੋਂ ਸਥਿਤ ਐਫ.ਸੀ.ਆਈ. ਦਫ਼ਤਰ ਚਨਾਰਥਲ ਕਲਾਂ ਵਿਖੇ ਟੈਕਨੀਕਲ ਅਸਿਸਟੈਂਟ ਦੀ ਬਦਲੀ ਕਰ ਦਿੱਤੀ ਗਈ ਹੈ, ਜਿਸ ਕਰਕੇ ਸਮੂਹ ਸ਼ੈਲਰ ਮਾਲਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ 1 ਅਕਤੂਬਰ 2021 ਤੋਂ 31 ਦਸੰਬਰ 2021 ਤੱਕ ਸਮੂਹ ਸ਼ੈਲਰ ਮਾਲਕਾਂ ਨੇ 33 ਪ੍ਰਤੀਸ਼ਤ ਮਾਲ ਦੇਣਾ ਹੁੰਦਾ ਹੈ, ਪਰ 1 ਜਨਵਰੀ 2022 ਤੱਕ ਕੇਵਲ 10 ਪ੍ਰਤੀਸ਼ਤ ਮਾਲ ਹੀ ਐਫ.ਸੀ.ਆਈ. ਨੇ ਜਮ੍ਹਾ ਕਰਵਾਇਆ ਹੈ। ਜਦਕਿ 28 ਫਰਵਰੀ ਤੱਕ 30 ਪ੍ਰਤੀਸ਼ਤ, 31 ਮਾਰਚ 2022 ਤੱਕ 100 ਪ੍ਰਤੀਸ਼ਤ ਮਾਲ ਜਮ੍ਹਾ ਹੁੰਦਾ ਹੈ। ਜੇਕਰ ਸ਼ੈਲਰ ਮਾਲਕਾਂ ਸਮੇਂ ਸਿਰ ਐਫ.ਸੀ.ਆਈ. ਵਿਭਾਗ ਨੂੰ ਜਮ੍ਹਾ ਨਹੀ ਕਰਵਾਉਂਦੇ ਤਾਂ ਉਨ੍ਹਾਂ ਨੂੰ ਵਿਆਜ ਅਤੇ ਜੁਰਮਾਨਾ ਕੀਤਾ ਜਾਂਦਾ ਹੈ ਜਿਸ ਕਰਕੇ ਸ਼ੈਲਰ ਮਾਲਕਾਂ ਨੂੰ ਘਾਟਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕ ਭਾਰੀ ਮਾਨਸਿਕ ਪ੍ਰੇਸ਼ਾਨੀ ਵਿਚ ਹਨ। ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕਾਂ ਦੀ ਇਸ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਅਣਮਿਥੇ ਸਮੇਂ ਲਈ ਧਰਨਾ ਲਗਾਉਣਗੇ। ਇਸ ਮੌਕੇ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਠੇਕੇਦਾਰ ਪਰਮਜੀਤ ਸਿੰਘ ਚਨਾਰਥਲ, ਸ਼ਰਨਜੀਤ ਸਿੰਘ ਚਨਾਰਥਲ, ਬਲਜਿੰਦਰ ਸਿੰਘ ਅਤਾਪੁਰ, ਗੁਰਜਿੰਦਰ ਸਿੰਘ ਗੁਰੀ ਨਲੀਨਾਂ, ਵਿਜੈਵੀਰ ਸਿੰਘ ਟੋਨੀ, ਦਵਿੰਦਰ ਸਿੰਘ ਜਿੰਦੂ, ਮੋਹਣ ਲਾਲ, ਵਿਪਿਨ ਗੁਪਤਾ, ਹਰਪਾਲ ਸਿੰਘ ਆਦਿ ਹਾਜ਼ਰ ਸਨ।

## ਟੋਭੇ ਦੀ ਥਾਂ 'ਤੇ ਪਲਾਟ ਕੱਟਣ ਦੇ ਰੋਸ 'ਚ ਕਾਰਵਾਈ ਨਾ ਹੋਣ 'ਤੇ ਡੀ.ਸੀ. ਦਫ਼ਤਰ ਅੱਗੇ ਲੋਕਾਂ ਨੇ ਕੀਤਾ ਪਿੱਟ ਸਿਆਪਾ

ਟੋਭੇ ਦੀ ਜ਼ਮੀਨ ਵਿਚ ਪਲਾਟ ਕੱਟਣ ਦੇ ਰੋਸ ਵਜੋਂ ਪਿੰਡ ਦੁਭਾਲੀ ਵਾਸੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੱਗੇ ਧਰਨਾ ਦਿੰਦੇ ਹੋਏ। ਤਸਵੀਰ: ਕਰਨ

ਫ਼ਤਹਿਗੜ੍ਹ ਸਾਹਿਬ, 3 ਜਨਵਰੀ (ਬਲਜਿੰਦਰ ਸਿੰਘ) - ਪਿੰਡ ਦੁਭਾਲੀ ਵਿਖੇ ਗ੍ਰਾਮ ਪੰਚਾਇਤ ਵਲੋਂ ਟੋਭੇ ਦੀ ਜ਼ਮੀਨ ਵਿਚ ਪਲਾਟ ਕੱਟਣ ਦੇ ਰੋਸ 'ਚ ਪਿੰਡ ਵਾਸੀਆਂ ਵਲੋਂ ਕੁਝ ਦਿਨ ਪਹਿਲਾਂ ਜ਼ਿਲ੍ਹਾ ਕੰਪਲੈਕਸ ਅੱਗੇ ਰੋਡ ਜਾਮ ਕਰਕੇ ਧਰਨਾ ਲਗਾ ਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਸੀ ਤੇ ਪ੍ਰਸ਼ਾਸਨ ਵਲੋਂ ਦਿੱਤੇ ਗਏ ਭਰੋਸੇ ਤੋਂ ਬਾਅਦ ਇਨ੍ਹਾਂ ਪਿੰਡ ਵਾਸੀਆਂ ਵਲੋਂ ਇਹ ਧਰਨਾ ਰੱਦ ਕਰ ਦਿੱਤਾ ਗਿਆ ਸੀ, ਪਰ ਅੱਜ ਇਨ੍ਹਾਂ ਧਰਨਾਕਾਰੀਆਂ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੱਗੇ ਧਰਨਾ ਦੇਣ ਤੋਂ ਬਾਅਦ ਡਿਪਟੀ ਕਮਿਸ਼ਨਰ ਫ਼ਤਹਿਗੜ੍ਹ ਸਾਹਿਬ ਦੇ ਦਫ਼ਤਰ ਦੇ ਦਰਵਾਜ਼ੇ ਅੱਗੇ ਬੈਠ ਕੇ ਸਰਕਾਰ ਅਤੇ ਪ੍ਰਸ਼ਾਸਨ ਦਾ ਪਿੱਟ ਸਿਆਪਾ ਕੀਤਾ ਗਿਆ। ਲੋਕ ਇਨਸਾਫ਼ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਧਰਮਜੀਤ ਸਿੰਘ ਜਲਵੇੜਾ ਅਤੇ ਪਿੰਡ ਵਾਸੀ ਸਤਵੀਰ ਕੌਰ ਨੇ ਦੱਸਿਆ ਕਿ ਪੰਚਾਇਤ ਵਲੋਂ ਪਿੰਡ ਵਿਚ ਟੋਭੇ ਦੀ ਜ਼ਮੀਨ 'ਚ ਪਲਾਟ ਕੱਟਣ ਕਾਰਨ ਟੋਭਾ ਬੰਦ ਹੋ ਜਾਵੇਗਾ ਅਤੇ ਬਰਸਾਤਾਂ 'ਚ ਪਿੰਡ ਵਾਸੀਆਂ ਦੇ ਘਰਾਂ ਵਿਚ ਪਾਣੀ ਦਾਖਲ ਹੋਵੇਗਾ, ਜਿਸ ਦੇ ਰੋਸ ਵਜੋਂ ਧਰਨਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਅਧਿਕਾਰੀਆਂ ਨੇ ਕੁਝ ਦਿਨ ਪਹਿਲਾਂ ਲਗਾਏ ਗਏ ਧਰਨੇ 'ਚ ਧਰਨਾਕਾਰੀਆਂ ਨੂੰ ਸਮਝਾ ਬੁਝਾ ਕੇ ਉਨ੍ਹਾਂ ਦੇ ਮਸਲੇ ਹੱਲ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਮਸਲਾ ਹੱਲ ਨਹੀਂ ਹੋਇਆ ਤੇ ਪ੍ਰਸ਼ਾਸਨ ਦੇ ਲਾਰਿਆਂ ਤੋਂ ਅੱਕ ਕੇ ਪਿੰਡ ਵਾਸੀਆਂ ਵਲੋਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਦਾ ਘਿਰਾਓ ਕਰਕੇ ਨਾਅਰੇਬਾਜ਼ੀ ਕੀਤੀ ਗਈ ਹੈ। ਪ੍ਰੋ. ਜਲਵੇੜਾ ਨੇ ਕਿਹਾ ਕਿ ਧਰਨਾ ਰੋਡ 'ਤੇ ਲਾਉਣ ਦੀ ਬਜਾਏ ਅਸੀਂ ਅਫ਼ਸਰਾਂ ਦੇ ਦਰਾਂ ਅੱਗੇ ਇਸ ਕਰਕੇ ਲਗਾਇਆ ਹੈ, ਕਿਉਂਕਿ ਉਹ ਆਮ ਲੋਕਾਂ ਨੂੰ ਦੁਖੀ ਨਹੀਂ ਕਰਨਾ ਚਾਹੁੰਦੇ ਇਸ ਲਈ ਅਸੀਂ ਸੜਕ ਜਾਮ ਕਰਨ ਦੀ ਬਜਾਏ ਅਜਿਹੇ ਅਫ਼ਸਰਾਂ ਦਾ ਘਿਰਾਓ ਕਰਾਂਗੇ ਜੋ ਕੰਮ ਕਰਨ 'ਚ ਕੁਤਾਹੀ ਵਰਤ ਰਹੇ ਹਨ। ਇਸ ਮੌਕੇ ਲੋਕ ਇਨਸਾਫ਼ ਪਾਰਟੀ ਦੇ ਆਗੂ ਅਤੇ ਪਿੰਡ ਦੁਭਾਲੀ ਦੇ ਲੋਕ ਮੌਜੂਦ ਸਨ।

## ਐਲ.ਆਈ.ਸੀ. ਦੇ ਖੇਤਰ 'ਚ ਮੱਲਾਂ ਮਾਰਨ ਵਾਲੇ ਏਜੰਟ ਸਨਮਾਨਿਤ

ਮੰਡੀ ਗੋਬਿੰਦਗੜ੍ਹ, 3 ਜਨਵਰੀ (ਮੁਕੇਸ਼ ਘਈ) - ਭਾਰਤੀ ਜੀਵਨ ਬੀਮਾ ਨਿਗਮ ਲਿਮਟਿਡ ਮੰਡੀ ਗੋਬਿੰਦਗੜ੍ਹ ਦੇ ਸੀਨੀਅਰ ਬਿਜ਼ਨਸ ਐਸੋਸੀਏਟ ਗੋਪਾਲ ਕ੍ਰਿਸ਼ਨ ਸ਼ਰਮਾ ਦੀ ਅਗਵਾਈ ਹੇਠ ਅੱਜ ਐਲ.ਆਈ.ਸੀ. ਦੇ ਖੇਤਰ ਚ ਮੱਲ੍ਹਾਂ ਮਾਰਨ ਵਾਲੇ ਏਜੰਟਾਂ ਲਈ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਬੀਮੇ ਦੇ ਖੇਤਰ ਦੀ ਦੁਨੀਆਂ ਦੀ ਸਭ ਤੋਂ ਵੱਡੀ ਸੰਸਥਾ ਮਿਲੀਅਨ ਡਾਲਰ ਰਾਊਂਡ ਟੇਬਲ ਦੇ ਵੱਖ-ਵੱਖ ਪੱਧਰ 'ਤੇ ਸਨਮਾਨ ਹਾਸਲ ਕਰਨ ਵਾਲੇ ਏਜੰਟਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਕੋਰਟ ਆਫ਼ ਟੇਬਲ ਯੂ.ਐਸ.ਏ. ਅੰਕਿਤ ਗੁਪਤਾ, ਮੁਕੇਸ਼ ਝੱਟਾ, ਡਬਲ ਐਮ.ਡੀ.ਆਰ.ਟੀ. ਸੋਹਣ ਸਿੰਘ, ਮਿਲੀਅਨ ਡਾਲਰ ਰਾਊਂਡ ਟੇਬਲ ਯੂ.ਐਸ.ਏ. ਰਮਨ ਬਾਂਸਲ, ਸ਼ਕੁਨ ਗਰਗ, ਕਮਲੇਸ਼ ਗੁਪਤਾ, ਲਕਸ਼ੇ ਗੁਪਤਾ, ਸੁਭਾਸ਼ ਗੁਪਤਾ, ਪਿੰਕੀ ਗੁਪਤਾ, ਰਾਜੀਵ ਕੁਮਾਰ, ਵਿਸ਼ਾਲ ਕੁਮਾਰ, ਅਸ਼ੋਕ ਸੋਢੀ, ਡਬਲ ਸੈਂਚਰੀ ਬਟੇਸ਼ਵਰ ਯਾਦਵ, ਸੈਂਚਰੀ ਸੋਹਣ ਸਿੰਘ, ਟਿੰਕੂ ਕੁਮਾਰ ਅਤੇ ਨੇਹਾ, ਆਫ਼ਿਸ ਸਟਾਫ਼ ਆਰਤੀ ਮੋਂਗੀ, ਸੁਰਿੰਦਰ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੀਨੀਅਰ ਬਿਜ਼ਨਸ ਐਸੋਸੀਏਟ ਗੋਪਾਲ ਕ੍ਰਿਸ਼ਨ ਸ਼ਰਮਾ ਨੇ ਬੀਮੇ ਦੇ ਖੇਤਰ ਵਿਚ ਮੱਲ੍ਹਾਂ ਮਾਰਨ ਵਾਲੇ ਏਜੰਟਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਇਨ੍ਹਾਂ ਏਜੰਟਾਂ 'ਤੇ ਮਾਣ ਹੈ ਜਿਨ੍ਹਾਂ ਨੇ ਅੰਤਰਰਾਸ਼ਟਰੀ ਪੱਧਰ ਤੇ ਮੰਡੀ ਗੋਬਿੰਦਗੜ੍ਹ ਦਾ ਨਾਂਅ ਰੌਸ਼ਨ ਕੀਤਾ ਹੈ। ਸ਼ਰਮਾ ਨੇ ਇਹ ਵੀ ਦੱਸਿਆ ਕਿ ਐਮ.ਡੀ.ਆਰ.ਟੀ. ਇੰਟਰਨੈਸ਼ਨਲ ਕਨਵੈਂਨਸ਼ਨ 26 ਜੂਨ ਤੋਂ 29 ਜੂਨ 2022 ਨੂੰ ਬੋਸਟਨ ਯੂ.ਐਸ.ਏ. ਵਿਖੇ ਵੀ ਉਕਤ ਏਜੰਟਾਂ ਨੂੰ ਸਨ